# <u>ਦਫਤਰ ਨਗਰ ਨਿਗਮ ਹੁਸ਼ਿਆਰਪੁਰ</u>

## <u>ਪ੍ਰੈਸ ਨੋਟ</u>

## <u>ਮੇਅਰ ਸ਼ਿਵ ਸੂਦ ਨੇ ਟ੍ਰੈਫਿਕ ਸਮਸਿਆ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨਾਲ ਕੀਤੀ ਮੀਟਿੰਗ।</u>

ਹੁਸ਼ਿਆਰਪੁਰ 27 ਜੁਲਾਈ ਮਾਤਾ ਚਿੰਤਪੂਰਨੀ ਦੇ ਮੇਲੇ ਨੂੰ ਮੁੱਖ ਰਖਦੇ ਹੋਏ ਸ਼ਹਿਰ ਵਿੱਚ ਟ੍ਰੈਫਿਕ ਸਮਸਿੱਆ ਨੂੰ ਹੱਲ ਕਰਨ ਲਈ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਦੀ ਪ੍ਰਧਾਨਗੀ ਹੇਠ ਮੀਟਿੰਗ ਆਯੋਜਿਤ ਕੀਤੀ ਗਈ। ਡੀ.ਐਸ.ਪੀ ਸਿੱਟੀ ਸਮੀਰ ਵਰਮਾ, ਐਸ.ਐਚ.ਓ ਸਿੱਟੀ ਅਮਰਨਾਥ, ਵਿਨੋਦ ਪਰਮਾਰ ਅਤੇ ਕੋਂਸਲਰ ਨਿਪੁਨ ਸ਼ਰਮਾ ਵੀ ਇਸ ਮੀਟਿੰਗ ਵਿੱਚ ਹਾਜਰ ਸਨ।ਮੀਟਿੰਗ ਵਿੱਚ ਮੇਅਰ ਸ਼ਿਵ ਸੂਦ ਨੇ ਸਬੰਧਤ ਅਧਿਕਾਰੀਆਂ ਨਾਲ ਸ਼ਹਿਰ ਦੀ ਟ੍ਰੈਫਿਕ ਸਮਸਿੱਆ ਸਬੰਧੀ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕਰਨ ਉਪਰੰਤ ਦਸਿੱਆ ਚੰਡੀਗੜ ਰੋਡ ਤੇ ਸਥਿਤ ਜੇਲ ਚੋਂਕ ਅਤੇ ਗੋਰਮਿੰਟ ਕਾਲੇਜ਼ ਚੋਂਕ ਵਿੱਚ ਡਿਵਾਈਡਰ ਲਗਾਏ ਜਾ ਰਹੇ ਹਨ ਅਤੇ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਵਾਹਨਾਂ ਦੀ ਸਪੀਡ ਕੰਟਰੋਲ ਕਰਨ ਲਈ ਸਪੀਡ ਬਰੇਕਰ ਲਗਾਏ ਜਾ ਰਹੇ ਹਨ।ਸ਼ਹਿਰ ਦੇ ਵੱਖ ਵੱਖ ਚੋਂਕਾਂ ਵਿੱਚ ਲਗੀਆਂ ਸਿਗਨਲ ਟ੍ਰੈਫਿਕ ਲਾਈਟਾਂ ਨੂੰ ਵੀ ਚਾਲੂ ਹਾਲਤ ਵਿੱਚ ਕੀਤਾ ਜਾ ਰਿਹਾ ਹੈ।ਉਹਨ੍ਹਾਂ ਨੇ ਦਸਿੱਆ ਕਿ ਮਾਤਾ ਚਿੰਤਪੂਰਨੀ ਦੇ ਮੇਲੇ ਨੂੰ ਮੁੱਖ ਰਖਦੇ ਹੋਏ ਚਿੰਤਪੂਰਨੀ ਰੋਡ ਤੇ ਟਰੈਫਿਕ ਸਮੱਿਆ ਨੂੰ ਕੰਟਰੋਲ ਕਰਨ ਲਈ ਨਗਰ ਨਿਗਮ ਅਤੇ ਟ੍ਰੈਫਿਕ ਵਿਭਾਗ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।